# ਪੰਜਾਬ ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਈ ਬਲਾਕ, ਵਿੱਦਿਆ ਭਵਨ, ਫੇਜ਼-8, ਮੋਹਾਲੀ-160062, ਫੋਨ: 0172-2212221

## ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਸਾਲ 2018-19

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵੱਲੋਂ ਸੁਝਾਈ ਅਤੇ ਸਿੱਖਿਆ ਮੰਤਰੀ ਜੀ ਵੱਲੋਂ ਪ੍ਰਵਾਨਿਤ ਉਪਰੋਕਤ ਸਕੀਮ ਅੰਤਰਗਤ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਅੱਠਵੀਂ ਸ੍ਰੇਣੀ ਦੇ 500 ਅਤੇ ਦਸਵੀਂ ਸ੍ਰੇਣੀ ਦੇ 500 ਵਿਦਿਆਰਥੀਆਂ ਨੂੰ ਵਜੀਫਾ ਦੇਣ ਦਾ ਟੀਚਾ ਮਿਥਿਆ ਗਿਆ ਹੈ। ਇਸ ਦਾ ਉਦੇਸ ਅੱਠਵੀਂ ਅਤੇ ਦਸਵੀਂ ਕਲਾਸ ਵਿੱਚ ਪੜ੍ਹਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨਾ ਹੈ ਅਤੇ ਵਜੀਫੇ ਦੀ ਸਕਲ ਵਿੱਚ ਵਿੱਤੀ ਲਾਭ ਦੇ ਕੇ ਉਤਸਾਹਿਤ ਕਰਨਾ ਹੈ। ਉਕਤ ਸਕੀਮ ਅਧੀਨ ਵਜੀਫੇ ਲਈ ਯੋਗ ਵਿਦਿਆਰਥੀ ਨੂੰ 200 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 10+2 ਤੱਕ ਵਜੀਫਾ ਦਿੱਤਾ ਜਾਂਦਾ ਹੈ। ਉਕਤ ਸਕੀਮ ਅਧੀਨ ਹਰ ਸਾਲ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.) ਪੰਜਾਬ, ਵੱਲੋਂ ਅੱਠਵੀਂ ਅਤੇ ਦਸਵੀਂ ਸਰੇਣੀ ਵਿੱਚ ਪੜਦੇ ਵਿਦਿਆਰਥੀਆਂ ਨੂੰ ਵਜੀਫੇ ਲਈ ਚੁਣਨ ਲਈ ਪ੍ਰੀਖਿਆ ਲਈ ਜਾਂਦੀ ਹੈ। ਇਹ ਪ੍ਰੀਖਿਆ ਜਿਲ੍ਹਾ/ਤਹਿਸੀਲ ਹੈਡਕੁਆਰਟਰਜ ਤੇ ਆਯੋਜਿਤ ਕੀਤੀ ਜਾਂਦੀ ਹੈ।

**ਉਦੇਸ:-** ਇਸ ਦਾ ਉਦੇਸ ਅੱਠਵੀਂ ਅਤੇ ਦਸਵੀਂ ਕਲਾਸ ਵਿੱਚ ਪੜ੍ਹਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨਾ ਹੈ ਅਤੇ ਵਜੀਫੇ ਦੀ ਸਕਲ ਵਿੱਚ ਵਿੱਤੀ ਲਾਭ ਦੇ ਕੇ ਉਤਸਾਹਿਤ ਕਰਨਾ ਹੈ।

**ਟੀਚਾ:-** ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ ਅਧੀਨ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਅੱਠਵੀਂ ਸ੍ਰੇਣੀ ਦੇ 500 ਅਤੇ ਦਸਵੀਂ ਸ੍ਰੇਣੀ ਦੇ 500 ਵਿਦਿਆਰਥੀਆਂ ਨੂੰ ਵਜੀਫਾ ਦੇਣ ਦਾ ਟੀਚਾ ਮਿਥਿਆ ਗਿਆ ਹੈ।

**ਵਜੀਫੇ ਦੀ ਦਰ-** ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ ਅਧੀਨ ਵਜੀਫੇ ਲਈ ਯੋਗ ਵਿਦਿਆਰਥੀ ਨੂੰ 200 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 10+2 ਤੱਕ ਵਜੀਫਾ ਦਿੱਤਾ ਜਾਂਦਾ ਹੈ। ਇਸ ਸਕੀਮ ਅਧੀਨ ਵਜੀਫਾ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜੇਕਰ ਕਿਸੇ ਹੋਰ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਿਹਾ ਹੋਵੇ ਤਾਂ ਉਹ ਇਹ ਵਜੀਫੇ ਦੇ ਨਾਲ ਨਾਲ ਦੂਸਰੀ ਸਕੀਮ ਅਧੀਨ ਵਜੀਫਾ ਪ੍ਰਾਪਤ ਕਰਨ ਦਾ ਵੀ ਹੱਕਦਾਰ ਹੋਵੇਗਾ ਪਰੰਤੂ ਜਿਹੜੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕੌਮੀ ਯੋਗਤਾ ਖੋਜ ਪ੍ਰੀਖਿਆ (NTSE) ਅਧੀਨ ਵਜੀਫੇ ਲਈ ਚੁਣੇ ਜਾਂਦੇ ਹਨ ਉਨ੍ਹਾਂ ਨੂੰ ਇਸ ਸਕੀਮ ਅਧੀਨ ਨਹੀਂ ਵਿਚਾਰਿਆ ਜਾਵੇਗਾ। ਇਸ ਦੇ ਇਵਜ ਵਿੱਚ ਉਨ੍ਹਾਂ ਨੂੰ 1000 ਰੁਪਏ ਦੀ ਰਾਸੀ ਯੱਕਮੁਸਤ ਦਿੱਤੀ ਜਾਂਦੀ ਹੈ।

**ਅਦਾਇਗੀ ਦੀ ਵਿਧੀ:-** ਸਫਲ ਹੋਏ ਵਿਦਿਆਰਥੀਆਂ ਦਾ ਮਾਤਾ-ਪਿਤਾ ਨਾਲ ਸਾਂਝਾ ਖਾਤਾ ਸਟੇਟ ਬੈਂਕ ਆਫ ਇੰਡੀਆ ਵਿੱਚ ਖੋਲ੍ਹਿਆ ਜਾਂਦਾ ਹੈ। ਸਟੇਟ ਬੈਂਕ ਅਤੇ ਉਸ ਦੀਆਂ ਸਹਾਇਕ ਬ੍ਰਾਂਚਾਂ ਇਹ ਯਕੀਨੀ ਬਨਾਉਣਗੀਆਂ ਕਿ ਇਹ ਖਾਤੇ ਬਿਨਾਂ ਕਿਸੇ ਮੁਢਲੀ ਰਾਸੀ ਤੋਂ ਖੋਲ੍ਹੇ ਜਾਣਗੇ ਅਤੇ ਏ.ਟੀ.ਐਮ. ਡੈਬਿਟ ਕਾਰਡ ਵੀ ਜਾਰੀ ਕੀਤੇ ਜਾਣਗੇ। ਰਾਜ ਵਿੱਦਿਅਕ

ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.) ਪੰਜਾਬ ਵਜੀਫੇ ਦੀ ਅਦਾਇਗੀ ਅਤੇ ਉਸ ਦੀ ਲਗਾਤਾਰਤਾ ਲਈ ਕਲੇਮ ਬਿਲਾਂ ਦੀ ਪੜਤਾਲ ਕਰਦੀ ਹੈ। ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨੌਵੀਂ ਅਤੇ ਗਿਆਰਵੀਂ ਸਰੇਣੀ ਵਿੱਚ ਘੱਟੋ-ਘੱਟ 55% ਨੰਬਰ, ਦਸਵੀਂ ਸ੍ਰੇਣੀ ਵਿੱਚ 60% ਅੰਕ ਪ੍ਰਾਪਤ ਕੀਤੇ ਹੋਣ ( ਜਨਰਲ ਕੈਟਾਗਰੀ ਲਈ), ਰਾਖਵੀਂਆਂ ਸਰੇਣੀਆਂ ਦੇ ਵਿਦਿਆਰਥੀਆਂ ਲਈ 5% ਅੰਕਾਂ ਦੀ ਛੋਟ ਹੋਵੇਗੀ। ਇਹ ਯੋਗਤਾ ਪੂਰੀ ਨਾ ਹੋਣ ਤੇ ਵਜੀਫਾ ਬੰਦ ਹੋ ਜਾਂਦਾ ਹੈ ।

ਚੋਣ ਵਿਧੀ:- ਇਸ ਸਕੀਮ ਅਧੀਨ ਹਰ ਸਾਲ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.) ਪੰਜਾਬ, ਵੱਲੋਂ ਅੱਠਵੀਂ ਅਤੇ ਦਸਵੀਂ ਸਰੇਣੀ ਵਿੱਚ ਪੜਦੇ ਵਿਦਿਆਰਥੀਆਂ ਨੂੰ ਵਜੀਫੇ ਲਈ ਚੁਣਨ ਲਈ ਪ੍ਰੀਖਿਆ ਲਈ ਜਾਂਦੀ ਹੈ। ਇਹ ਪ੍ਰੀਖਿਆ ਸਿਰਫ ਜਿਲ੍ਹਾ/ਤਹਿਸੀਲ ਹੈਡਕੁਆਰਟਰਜ ਤੇ ਆਯੋਜਿਤ ਕੀਤੀ ਜਾਂਦੀ ਹੈ। ਇਸ ਟੈਸਟ ਰਾਹੀਂ ਵਿਦਿਆਰਥੀਆਂ ਦੀ ਮਾਨਸਿਕ ਅਤੇ ਵਿਸਿਆਂ ਦੀ ਵਿਦਿਅਕ ਨਿਪੁੰਨਤਾ ਪਰਖੀ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੀ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਮੈਰਿਟ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਲਈ ਜਨਰਲ ਸ੍ਰੇਣੀ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 40% ਅਤੇ ਰਾੱਖਵੀਂਆਂ ਸਰੇਣੀਆਂ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 32% ਅੰਕ ਪ੍ਰਾਪਤ ਕਰਨੇ ਜਰੂਰੀ ਹਨ।

ਇਸ ਪ੍ਰੀਖਿਆ ਲਈ ਕੋਈ ਨਿਰਧਾਰਿਤ ਸਿਲੇਬਸ ਨਹੀਂ ਹੋਵੇਗਾ ਪਰੰਤੂ ਇਮਤਿਹਾਨ ਦਾ ਸਤਰ ਅੱਠਵੀਂ ਸਰੇਣੀ ਦੇ ਵਿਦਿਆਰਥੀਆਂ ਲਈ ਅੱਠਵੀਂ ਸਰੇਣੀ ਅਤੇ ਦਸਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ ਦਸਵੀਂ ਸ੍ਰੇਣੀ ਦੇ ਪੱਧਰ ਦਾ ਹੁੰਦਾ ਹੈ।

ਇਸ ਪ੍ਰੀਖਿਆ ਦੇ ਪ੍ਰਸਨ ਪੱਤਰ ਉਸੇ ਤਰ੍ਹਾਂ ਦੇ ਹੋਣਗੇ ਜਿਸ ਤਰ੍ਹਾਂ ਨੈਸਨਲ ਮੀਨਜ ਕਮ ਮੈਰਿਟ ਸਕਾਲਰਸਿਪ ਸਕੀਮ ਦੀ ਪ੍ਰੀਖਿਆ ਲਈ ਐਨ.ਸੀ.ਈ.ਆਰ.ਟੀ. ਨਵੀਂ ਦਿੱਲੀ ਵੱਲੋਂ ਨਿਰਧਾਰਤ ਕੀਤੇ ਗਏ ਹਨ। ਪਰੰਤੂ ਪੇਪਰ ਸੈਟਿੰਗ ਸਮੇਂ ਰਾਜ ਦੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਦੇ ਪੱਧਰ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਇਹ ਪ੍ਰੀਖਿਆ ਦੀ ਸਕੀਮ ਹੇਠ ਲਿਖੇ ਅਨੁਸਾਰ ਹੈ:-

| ਟੈਸਟ | ਸਮਾਂ | ਮੱਦਾਂ ਦੀ ਗਿਣਤੀ | ਵੱਧ ਤੋਂ ਵੱਧ ਅੰਕ | ਯੋਗਤਾ ਲਈ ਅੰਕ ਪ੍ਰਤੀਸਤ | |
|---|---|---|---|---|---|
| | | | | ਜਨਰਲ ਵਰਗ | ਅਨੁਸੂਚਿਤ ਜਾਤੀ/ ਪੱਛੜੀਆਂ ਸਰੇਣੀਆਂ/ ਵਿਕਲਾਂਗ |
| ਮਾਨਸਿਕ ਯੋਗਤਾ | 180 ਮਿੰਟ | 90 | 90 | 40% | 32% |
| ਵਿਸਿਆ ਦੀ ਯੋਗਤਾ | | 90 | 90 | | |

ਇਹ ਪ੍ਰੀਖਿਆ 180 ਅੰਕਾਂ ਦੀ ਹੈ। ਇਸ ਵਿੱਚ ਮਾਨਸਿਕ ਯੋਗਤਾ ਦਾ ਟੈਸਟ (MAT)- 90 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ ਅਤੇ ਵਿਸਿਆਂ ਦੀ ਯੋਗਤਾ ਦਾ ਟੈਸਟ (SAT) -90 ਪ੍ਰਸਨ ਇੱਕ ਨੰਬਰ ਵਾਲੇ (ਮਲਟੀਪਲ ਚੁਆਇਸ) ਹੋਣਗੇ। MAT+SAT ਦੇ 180 ਅੰਕਾਂ ਦੀ ਮੈਰਿਟ ਤਿਆਰ ਕਰਕੇ ਰਿਜਲਟ ਤਿਆਰ ਕੀਤਾ ਜਾਂਦਾ

ਹੈ, ਜਿਸ ਵਿੱਚ ਜਨਰਲ ਸ੍ਰੇਣੀ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 40% ਅਤੇ ਰਾੱਖਵੀਂਆਂ ਸਰੇਣੀਆਂ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 32% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਜੇਕਰ ਵਿਦਿਆਰਥੀਆਂ ਨੇ ਇੱਕੋ ਜਿਹੇ ਨੰਬਰ ਪ੍ਰਾਪਤ ਕੀਤੇ ਹੋਣ ਤਾਂ ਜਿਸ ਵਿਦਿਆਰਥੀ ਦੇ ਨੰਬਰ SAT ਵਿੱਚੋਂ ਜਿਆਦਾਂ ਹਨ ਉਸ ਨੂੰ ਰਿਜਲਟ ਵਿੱਚ ਪਹਿਲ ਦਿੱਤੀ ਜਾਂਦੀ ਹੈ ਜੇਕਰ ਫਿਰ ਵੀ SAT ਵਿੱਚੋਂ ਵੀ ਇੱਕੋ ਜਿਹੇ ਨੰਬਰ ਹੋਣ ਤਾਂ ਉਸ ਵਿਦਿਆਰਥੀ ਦੀ ਚੋਣ ਕੀਤੀ ਜਾਂਦੀ ਹੈ ਜਿਸ ਦੀ ਉਮਰ ਵੱਧ ਹੋਵੇ।

ਪ੍ਰੀਖਿਆ ਵਿੱਚ (1) ਮਾਨਸਿਕ ਯੋਗਤਾ ਦਾ ਟੈਸਟ (MAT)- 90 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ। ਇੱਕ ਸਹੀ ਉੱਤਰ ਦਾ ਇੱਕ ਅੰਕ ਦਿੱਤਾ ਜਾਵੇਗਾ। ਉਮੀਦਵਾਰ ਨੂੰ ਹਦਾਇਤ ਅਨੁਸਾਰ ਪ੍ਰਸਨ ਦਾ ਉੱਤਰ ਇੱਕ ਵੱਖਰੀ ਸੀਟ (OMR) ਤੇ ਦੇਣਾ ਹੋਵੇਗਾ। (2) ਵਿਸਿਆਂ ਦੀ ਯੋਗਤਾ ਦਾ ਟੈਸਟ (SAT) -90 ਪ੍ਰਸਨ ਇੱਕ ਨੰਬਰ ਵਾਲੇ( ਮਲਟੀਪਲ ਚੁਆਇਸ ) ਹੋਣਗੇ। ਵਿਸਿਆਂ ਦੀ ਯੋਗਤਾ ਦੇ ਟੈਸਟ ਵਿੱਚ 8ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 8ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਨਾਗਰਿਕ ਸਾਸਤਰ, ਵਿਸੇ ਹੋਣਗੇ ਅਤੇ 10ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 10ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਅਰਥ ਸਾਸਤਰ, ਨਾਗਰਿਕ ਸਾਸਤਰ, ਵਿਸੇ ਹੋਣਗੇ।

ਮਾਧਿਅਮ:- ਕਿਉਂਕਿ ਇਹ ਸਕੀਮ ਕੇਵਲ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਲਈ ਹੈ ਇਸ ਲਈ ਇਸ ਪ੍ਰੀਖਿਆ ਦਾ ਮਾਧਿਅਮ ਪੰਜਾਬੀ ਹੀ ਹੋਵੇਗਾ।

ਯੋਗਤਾ:- ਅੱਠਵੀਂ ਸ੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿਨ੍ਹਾਂ ਨੇ ਸੱਤਵੀਂ ਸਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਘੱਟੋ-ਘੱਟ 55% ਨੰਬਰ (ਜਨਰਲ ਕੈਟਾਗਰੀ ਲਈ) ਅਤੇ 50% ਨੰਬਰ (ਰਾੱਖਵੀਂਆਂ ਸਰੇਣੀਆਂ ਲਈ) ਪ੍ਰਾਪਤ ਕੀਤੇ ਹੋਣ। ਇਸੇ ਤਰ੍ਹਾਂ ਦਸਵੀਂ ਸ੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿਨ੍ਹਾਂ ਨੇ ਨੌਵੀਂ ਸਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਘੱਟੋ-ਘੱਟ 55% ਨੰਬਰ (ਜਨਰਲ ਕੈਟਾਗਰੀ ਲਈ) ਅਤੇ 50% ਨੰਬਰ (ਰਾਖਵੀਂਆਂ ਸਰੇਣੀਆਂ ਲਈ) ਪ੍ਰਾਪਤ ਕੀਤੇ ਹੋਣ। ਵਜੀਫੇ ਲਈ ਵਿਦਿਆਰਥੀਆਂ ਦੀ ਚੋਣ ਨਿਰੋਲ ਮੈਰਿਟ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਲਈ ਜਿਲ੍ਹਾਵਾਰ ਕੋਈ ਕੋਟਾ ਨਹੀਂ ਹੈ।

ਫੀਸ:- <u>ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ।</u>

<u>ਟੈਸਟ ਦੀ ਜਗ੍ਹਾ ਤਾਰੀਖ ਅਤੇ ਸਮਾਂ:-</u> ਇਹ ਪ੍ਰੀਖਿਆ ਹਰ ਸਾਲ ਫਰਵਰੀ ਮਹੀਨੇ ਦੇ ਪਹਿਲੇ ਐਤਵਾਰ ਨੂੰ ਪੰਜਾਬ ਰਾਜ ਦੇ ਸਮੂਹ ਜਿਲ੍ਹਾ/ਤਹਿਸੀਲ ਹੈਡਕੁਆਰਟਰਜ ਤੇ ਆਯੋਜਿਤ ਕੀਤੀ ਜਾਂਦੀ ਹੈ। ਉਮੀਦਵਾਰਾਂ ਨੂੰ ਟੈਸਟ ਤੇ ਆਉਣ ਲਈ ਕੋਈ ਸਫਰੀ ਖਰਚ ਨਹੀਂ ਦਿੱਤਾ ਜਾਵੇਗਾ।

<u>ਦਾਖਲਾ ਫਾਰਮ:-</u> ਵਿਦਿਆਰਥੀਆਂ ਦੇ ਦਾਖਲਾ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ www.epunjab.school.gov.in ਉੱਤੇ ਸਕੂਲ login **ਮਿਤੀ 16/11/18 ਤੋਂ 17/12/18 ਤੱਕ online** ਭਰੇ ਜਾ ਸਕਦੇ ਹਨ।

**ਪ੍ਰੀਖਿਆ ਦੀ ਮਿਤੀ : 03-02-2019 (ਦਿਨ ਐਤਵਾਰ)**

**ਪ੍ਰੀਖਿਆ ਦਾ ਸਮਾਂ :ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ**

<u>ਰਾਖਵਾਂਕਰਨ:-</u> ਕੁੱਲ ਸੀਟਾਂ ਦਾ 25% ਸੀਟਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ, 10% ਸੀਟਾਂ ਪਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਲਈ ਅਤੇ 4% ਸੀਟਾਂ ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ ( 1% blindness, 1% deaf and hard of hearing, 1% locomotor disability, 1% autisim and multiple disabilities) ਲਈ ਰਾਖਵੀਆਂ ਰੱਖੀਆਂ ਗਈਆਂ ਹਨ।

ਆਮ ਯੋਗਤਾ ਸਰਤਾਂ:-

1) ਕੋਈ ਵੀ ਵਜੀਫਾ ਪ੍ਰਾਪਤ ਕਰਨ ਵਾਲਾ/ਵਾਲੀ ਉਮੀਦਵਾਰ ਵਜੀਫਾ ਪ੍ਰਾਪਤ ਕਰਨ ਲਈ ਤਾਂ ਹੀ ਯੋਗ ਹੋਵੇਗਾ ਜੇਕਰ:

a. 10+2 ਤੱਕ ਦੀ ਪੜ੍ਹਾਈ ਲਗਾਤਾਰ ਸਰਕਾਰੀ ਸਕੂਲ ਵਿੱਚ ਕਰਦਾ/ਕਰਦੀ ਹੋਵੇ।
b. ਉਸ ਸੰਸਥਾ ਦਾ ਮੁੱਖੀ ਇਹ ਪ੍ਰਮਾਣਿਤ ਕਰੇ ਕਿ ਉਸ ਨੇ ਚੰਗਾ ਵਿਵਹਾਰ ਬਣਾਇਆ ਹੋਇਆ ਹੈ ਅਤੇ ਉਹ ਆਪਣੀ ਪੜ੍ਹਾਈ ਰੈਗੂਲਰ ਰੱਖਦਾ/ਰੱਖਦੀ ਹੈ।
c. ਉਹ ਅਧਿਕਾਰਿਤ ਛੁੱਟੀਆਂ ਤੋਂ ਜਿਆਦਾ ਸਮਾਂ ਗੈਰਹਾਜਰ ਨਹੀਂ ਹੁੰਦਾ/ਹੁੰਦੀ।
d. ਉਹ ਕੋਈ ਨੌਕਰੀ ਨਹੀਂ ਕਰ ਰਿਹਾ/ਰਹੀ।

2) ਵਜੀਫਾ ਪ੍ਰਾਪਤ ਕਰਨ ਵਾਲੇ ਤੇ ਕਿਸੇ ਹੋਰ ਕਿਸਮ ਦਾ ਵਜੀਫਾ ਲੈਣ ਤੇ ਕੋਈ ਰੋਕ ਨਹੀਂ ਹੋਵੇਗੀ। ਪਰੰਤੂ ਜਿਹੜੇ ਵਿਦਿਆਰਥੀ ਕੌਮੀ ਯੋਗਤਾ ਖੋਜ ਪ੍ਰੀਖਿਆ (NTSE) ਅਧੀਨ ਵਜੀਫੇ ਲਈ ਚੁਣੇ ਜਾਣਗੇ ਉਨ੍ਹਾਂ ਨੂੰ ਇਸ ਸਕੀਮ ਅਧੀਨ ਨਹੀਂ ਵਿਚਾਰਿਆ ਜਾਵੇਗਾ ਪਰੰਤੂ ਇਸ ਦੇ ਇਵਜ ਵਿੱਚ ਉਨ੍ਹਾਂ ਨੂੰ 1000 ਰੁਪਏ ਦੀ ਰਾਸੀ ਯਕਮੁਸਤ ਦਿੱਤੀ ਜਾਵੇਗੀ।

3) ਵਿਦੇਸ ਵਿੱਚ ਕਿਸੇ ਵੀ ਕਿਸਮ ਦੀ ਪੜ੍ਹਾਈ ਲਈ ਕੋਈ ਵਜੀਫਾ ਨਹੀਂ ਦਿੱਤਾ ਜਾਵੇਗਾ।

4) ਅਕੈਡਮਿਕ ਸੈਸਨ ਦੇ ਖਤਮ ਹੋਣ ਤੋਂ ਬਾਰਾਂ ਮਹੀਨੇ ਬਾਅਦ ਉਸ ਅਕੈਡਮਿਕ ਸੈਸਨ ਦੇ ਵਜੀਫੇ ਦੇ ਬਕਾਏ ਦੇ ਭੁਗਤਾਨ ਤੇ ਵਿਚਾਰ ਨਹੀਂ ਕੀਤੀ ਜਾਵੇਗਾ।

5) ਰਜਿਸਟਰੇਸਨ/ਦਾਖਲਾ ਲੈਣ ਤੋਂ ਬਾਅਦ ਜੇਕਰ ਵਜੀਫਾ ਪ੍ਰਾਪਤ ਕਰਨ ਵਾਲਾ/ਵਾਲੀ ਕੋਰਸ ਦੀ ਪੜ੍ਹਾਈ ਇੱਕ ਮਹੀਨੇ ਵਿੱਚ ਛੱਡਣ ਦੀ ਸੂਰਤ ਵਿੱਚ ਕੋਈ ਵਜੀਫਾ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

6) ਜਿਆਦਾ ਬਿਮਾਰ ਹੋਣ ਦੀ ਸੂਰਤ ਵਿੱਚ ਵਜੀਫਾ ਪ੍ਰਾਪਤ ਕਰਨ ਵਾਲਾ ਉਮੀਦਵਾਰ ਜੇਕਰ ਇਮਤਿਹਾਨ ਨਹੀਂ ਦੇ ਸਕਦਾ ਤਾਂ ਬਿਮਾਰ ਹੋਣ ਦੇ ਤਿੰਨ ਮਹੀਨੇ ਦੇ ਅੰਦਰ ਅੰਦਰ ਉਹ ਆਪਣੇ ਸੰਸਥਾਨ ਦੇ ਮੁੱਖੀ ਦੁਆਰਾ ਮੈਡੀਕਲ ਸਰਟੀਫਿਕੇਟ ਬਣਾ ਕੇ ਭੇਜੇਗਾ। ਮੈਡੀਕਲ ਸਰਟੀਫਿਕੇਟ ਵਿੱਚ ਡਾਕਟਰ/ਰਜਿਸਟਰਡ ਮੈਡੀਕਲ ਪ੍ਰੈਕਟੀਸੀਨਰ ਜੋ ਕਿ ਉਸ ਬਿਮਾਰੀ ਦਾ ਖਾਸ ਡਾਕਟਰ ਹੋਵੇਗਾ ਬਿਮਾਰੀ ਦਾ ਸਮਾਂ ਸਪਸਟ ਪ੍ਰਮਾਣਿਤ ਕਰੇਗਾ। ਵਜੀਫਾ ਪ੍ਰਾਪਤ ਕਰਨ ਵਾਲੇ ਨੂੰ ਉਸੇ ਕੋਰਸ ਨੂੰ ਚਾਲੂ ਰੱਖਣ ਲਈ ਸਹੂਲਤ ਮਿਲੇਗੀ ਜੇਕਰ ਉਸ ਸੰਸਥਾਨ ਦਾ ਪ੍ਰਿੰਸੀਪਲ ਜਾਂ ਮੁੱਖੀ ਇਹ ਪ੍ਰਮਾਣਿਤ ਕਰੇ ਕਿ ਉਸਦੀ ਪੂਰੇ ਸਾਲ ਵਿੱਚ ਪਰਫਾਰਮੈਂਸ 50 ਪ੍ਰਤੀਸਤ ਜਾਂ ਉਸ ਤੋਂ ਵੱਧ ਹੈ।

7) ਜੇਕਰ ਵਿਦਿਅਕ ਸਾਲ ਵਿੱਚ ਕਿਸੇ ਕਿਸਮ ਦਾ ਕਿਸੇ ਵੀ ਕਾਰਨ ਕਰਕੇ ਗੈਪ ਆਉਂਦਾ ਹੈ ਤਾਂ ਵਜੀਫੇ ਨੂੰ ਬੰਦ ਮੰਨਿਆ ਜਾਵੇਗਾ।

8) ਜੇਕਰ ਇੱਕ ਵਾਰੀ ਵਜੀਫਾ ਬੰਦ ਹੋ ਜਾਵੇ ਤਾਂ ਉਸ ਨੂੰ ਦੁਬਾਰਾ ਕਿਸੇ ਵੀ ਹਾਲਾਤ ਵਿੱਚ ਚਾਲੂ ਨਹੀਂ ਕੀਤਾ ਜਾ ਸਕਦਾ।

9) ਹਰੇਕ ਨਿਯਮ ਸਮੇਂ ਅਤੇ ਲੋੜ ਦੇ ਅਨੁਸਾਰ ਬਦਲਦੇ ਰਹਿਣਗੇ ਅਤੇ ਹਰੇਕ ਵਜੀਫਾ ਪ੍ਰਾਪਤ ਕਰਨ ਵਾਲਿਆਂ ਤੇ ਲਾਗੂ ਹੋਣਗੇ ।

**ਅਤਿ ਜ਼ਰੂਰੀ:-**

**ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ 2018-19 ਫਾਰਮ ਭਰਨ ਸਬੰਧੀ ਹਦਾਇਤਾਂ**

(ੳ) ਜੋ ਵਿਦਿਆਰਥੀ ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਨਾਲ ਸਬੰਧ ਰੱਖਦੇ ਹਨ ਉਹ ਪੰਜਾਬ ਰਾਜ ਨਿਪੁਨਤਾ ਖੋਜ ਪ੍ਰੀਖਿਆ ਲਈ ਦਾਖਲਾ ਫਾਰਮ ਭਰਨ ਸਮੇਂ ਐਸ.ਡੀ.ਐਮ/ਤਹਸੀਲਦਾਰ ਵੱਲੋਂ ਜਾਰੀ ਕੀਤਾ ਅਨੁਸੂਚਿਤ ਜਾਤੀ/ ਪਛੜੀ ਸ਼੍ਰੇਣੀ ਦਾ ਸਰਟੀਫਿਕੇਟ ਨਾਲ ਲਗਾਉਣ।

(ਅ) ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀ (ਔਰਥੋਪੈਡਿਕ, ਬੋਲੇ ਅਤੇ ਨੇਤਰਹੀਣ) ਜਿਨ੍ਹਾਂ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ਹੈ,ਯੋਗ ਅਧਿਕਾਰੀ ਤੋਂ ਜਾਰੀ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ।

(ੲ) ਪੇਪਰ ਵਿੱਚ ਬੈਠਣ ਲਈ ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਲਈ 7ਵੀਂ/9ਵੀਂ ਜਮਾਤ ਵਿਚੋ ਘੱਟ ਤੋਂ ਘੱਟ ਨੰਬਰ 55% ਅਤੇ ਰਾਖਵੀ ਸ਼੍ਰੇਣੀ ਲਈ7ਵੀਂ/9ਵੀਂ ਜਮਾਤਵਿੱਚੋਂ ਘੱਟ ਤੋਂ ਘੱਟ 50% ਅੰਕ ਜਰੂਰੀ ਹਨ

(ਸ) ਜਰੂਰੀਨੋਟ:- ਜਿਹੜੇ **ਵਿਦਿਆਰਥੀਆਂ** ਸਾਲ 2016-2017 ਵਿਚ ਅੱਠਵੀਂ ਦੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ **ਪਾਸ ਕਰ ਚੁਕੇ ਹਨ ਉਹ** ਵਿਦਿਆਰਥੀਆਂ **ਦੱਸਵੀਂ ਦੀ PSTSE 2018-19 ਦੀ ਪ੍ਰੀਖਿਆ ਲਈ** ਯੋਗ ਨਹੀ ਹਨ।

Bimla 12.11.18
ਮੁਲਾਂਕਣ ਅਫਸਰ

**ਐਸ.ਸੀ.ਈ.ਆਰ.ਟੀ ਪੰਜਾਬ**

ਪੰਜਾਬ ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਛੇਵੀਂ ਮੰਜ਼ਿਲ, ਈ ਬਲਾਕ,
ਵਿੱਦਿਆ ਭਵਨ, ਫੇਜ਼-8, ਮੋਹਾਲੀ-160062, ਫੋਨ: 0172-2212221

ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ,2018-19

(ਕੇਵਲ ਅੱਠਵੀਂ ਅਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ)

ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਅਜੀਤਗੜ੍ਹ ਵੱਲੋਂ ਰਾਜ ਪੱਧਰੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) 2018-19 (ਅੱਠਵੀਂ ਅਤੇ ਦੱਸਵੀਂ ਸ਼੍ਰੇਣੀ ਲਈ) ਮਿਤੀ 03/02/19 (ਦਿਨ ਐਤਵਾਰ) ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 8ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਈ ਜਾਣੀ ਹੈ। ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ www.epunjabschool.gov.in ਉੱਤੇ ਸਕੂਲ login ਅਧੀਨ ਮਿਤੀ 16/11/18 ਤੋਂ 17/12/18 ਤੱਕ online ਭਰੇ ਜਾ ਸਕਦੇ ਹਨ। ਇਸ ਵਜੀਫਾ ਪ੍ਰੀਖਿਆ ਲਈ ਪੂਰੀ ਜਾਣਕਾਰੀ ਸਰਵ ਸਿੱਖਿਆ ਅਭਿਆਨ ਦੀ ਵੈਬਸਾਈਟ www.ssapunjab.org ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਡਾਇਰੈਕਟਰ

ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,

ਪੰਜਾਬ ।